## ਇਸ ਪ੍ਰੋਗਰਾਮ ਲਈ ਭੇਜ ਸਕਦੇ ਹਨ:

- ਤੁਸੀਂ
- ਰਿਸ਼ਤੇਦਾਰ, ਮੇਜ਼ਬਾਨ ਮਾਪੇ ਜਾਂ ਦੋਸਤ
- ਕਮਿਊਨਟੀ ਏਜੰਸੀਆਂ ਜਾਂ ਸਕੂਲ
- ਪੁਲੀਸ
- ਸੋਸ਼ਲ ਵਰਕਰ
- ਸਿਹਤ ਮਾਹਰ
- ਜੁਰਮਾਂ ਦਾ ਸ਼ਿਕਾਰ ਲੋਕਾਂ ਨੂੰ ਸੇਵਾਵਾਂ ਦੇਣ ਵਾਲੇ ਪ੍ਰੋਗਰਾਮ

## ਮੋਜ਼ੇਕ ਕੀ ਹੈ?

ਮੋਜ਼ੇਕ ਇਕ ਬਹੁ-ਭਾਸ਼ਾਈ, ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਏਜੰਸੀ ਹੈ ਜੋ ਕਿ ਇਮੀਂਗਰਾਂਟਾਂ ਅਤੇ ਰਫਿਊਜੀਆਂ ਦੇ ਵਸੇਬੇ ਅਤੇ ਅਨੁਕੂਲ ਹੋਣ ਦੀਆਂ ਲੋੜਾਂ ਵਿਚ ਉਨ੍ਹਾਂ ਦੀ ਮਦਦ ਕਰਨ ਲਈ ਸਮਰਪਿਤ ਹੈ। ਮੋਜ਼ੇਕ, ਕਈ ਪ੍ਰੋਗਰਾਮਾਂ ਅਤੇ ਸੇਵਾਵਾਂ ਰਾਹੀਂ, ਕੈਨੇਡੀਅਨ ਸਮਾਜ ਵਿਚ ਪੂਰੀ ਤਰ੍ਹਾਂ ਹਿੱਸਾ ਲੈਣ ਵਿਚ ਲੋੜਵੰਦਾਂ ਦੀ ਮਦਦ ਕਰਦੀ ਹੈ। 35 ਸਾਲ ਤੋਂ ਵੀ ਪਹਿਲਾਂ ਆਪਣੀ ਸ਼ੁਰੂਆਤ ਤੋਂ ਲੈ ਕੇ, ਮੋਜ਼ੇਕ ਲੋਅਰ ਮੇਨਲੈਂਡ ਦੀਆਂ ਇਮੀਂਗਰਾਂਟਾਂ ਨੂੰ ਸੇਵਾਵਾਂ ਦੇਣ ਵਾਲੀਆਂ ਸੱਭ ਤੋਂ ਵੱਡੀਆਂ ਸੰਸਥਾਵਾਂ ਵਿੱਚੋਂ ਇਕ ਬਣ ਗਈ ਹੈ।

**ਰੁਜ਼ਗਾਰ ਦੇ ਪ੍ਰੋਗਰਾਮ**
604 254 0244
employmentprograms@mosaicbc.com

**ਅੰਗਰੇਜ਼ੀ ਬੋਲੀ ਦੇ ਕੇਂਦਰ**
604 684 8825
esl@mosaicbc.com

**ਪਰਿਵਾਰਾਂ ਲਈ ਪ੍ਰੋਗਰਾਮ**
604 254 9626
familyprogram@mosaicbc.com

**ਦੁਭਾਸ਼ੀਏ ਦੀਆਂ ਸੇਵਾਵਾਂ**
604 254 8022
interpretations@mosaicbc.com

**ਵਸੇਬੇ ਲਈ ਸੇਵਾਵਾਂ**
604 254 9626
settlement@mosaicbc.com

**ਅਨੁਵਾਦ ਦੀਆਂ ਸੇਵਾਵਾਂ**
604 254 0469
commercial@mosaicbc.com

## ਮੋਜ਼ੇਕ ਦੇ ਪਰਿਵਾਰਾਂ ਲਈ ਪ੍ਰੋਗਰਾਮ

ਮੋਜ਼ੇਕ ਦੇ ਪਰਿਵਾਰਾਂ ਲਈ ਪ੍ਰੋਗਰਾਮ, ਇਮੀਂਗਰਾਂਟ ਅਤੇ ਰਫਿਊਜੀ ਪਰਿਵਾਰਾਂ ਦੀ ਸਿਹਤਮੰਦ ਸਬੰਧ ਕਾਇਮ ਕਰਨ ਅਤੇ ਸਹਾਇਤਾ ਦੇ ਮਜ਼ਬੂਤ ਸਿਸਟਮ ਬਣਾਉਣ ਲਈ ਮਦਦ ਦੀਆਂ ਸੇਵਾਵਾਂ ਪੇਸ਼ ਕਰਦੇ ਹਨ ਜਦੋਂ ਉਹ ਕੈਨੇਡਾ ਵਿਚ ਆਬਾਦ ਹੋ ਰਹੇ ਅਤੇ ਕੈਨੇਡੀਅਨ ਸਮਾਜ ਦੇ ਅਨੁਕੂਲ ਬਣ ਰਹੇ ਹੁੰਦੇ ਹਨ।

**ਸੰਪਰਕ:**
ਮਲਟੀਕਲਚਰਲ ਵਿਕਟਿਮ ਸਰਵਿਸਿਜ਼ ਪ੍ਰੋਗਰਾਮ
604 254 9626
ਸੋਮਵਾਰ-ਸ਼ੁਕਰਵਾਰ
ਸਵੇਰ ਦੇ 9 ਵਜੇ ਤੋਂ ਲੈ ਕੇ ਸ਼ਾਮ ਦੇ 5 ਵਜੇ ਤੱਕ




ਫੰਡ ਮਨਿਸਟਰੀ ਆਫ ਜਸਟਿਸ ਤੋਂ ਮਿਲੇ

ਹੋਰ ਵਸੀਲੇ:
ਵਿਕਟਿਮਲਿੰਕ 1 800 563 0808

ਜ਼ਿਆਦਾ ਜਾਣਕਾਰੀ ਲਈ ਦੇਖੋ:

WWW.MOSAICBC.COM

ਕਵਰ ਦਾ ਆਰਟਵਰਕ:
ਸ਼ੀਲਾ ਨੌਰਗੇਟ
ਆਰਟਿਸਟ ਦੀ ਆਗਿਆ ਨਾਲ ਦੁਬਾਰਾ ਛਾਪਿਆ।

Family Programs MVSP [Punjabi]

© MOSAIC April 2014 Printed: 05/14

MOSAIC

1720 Grant St
Vancouver, BC
Canada V5L 2Y7
Phone: 604 254 9626

# ਜੁਰਮ ਦੇ ਸ਼ਿਕਾਰ ਲੋਕਾਂ ਲਈ ਬਹੁਸਭਿਆਚਾਰਕ ਸੇਵਾਵਾਂ ਦਾ ਪ੍ਰੋਗਰਾਮ




ਕਮਿਊਨਟੀ ਨੂੰ ਬਿਹਤਰ ਬਣਾਉਣ ਵਿਚ ਮਦਦ ਕਰਨ ਲਈ ਇਮੀਂਗਰਾਂਟਾਂ ਅਤੇ ਰਫਿਊਜੀਆਂ ਨੂੰ 35 ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਅਨੁਕੂਲ ਬਣਾਉਣ ਦੀਆਂ ਸੇਵਾਵਾਂ ਦਿੰਦੇ ਹੋਏ

***ਇਹ ਵਿਸ਼ੇਸ਼ ਕਮਿਊਨਟੀ ਸਰਵਿਸ ਇਸ ਚੀਜ਼ ਨੂੰ ਮਾਨਤਾ ਦਿੰਦੀ ਹੈ ਕਿ ਜ਼ਿੰਦਗੀ ਦੇ ਹਰ ਪੱਖ — ਸਰੀਰਕ, ਜਜ਼ਬਾਤੀ, ਅਧਿਆਤਮਕ ਅਤੇ ਮਾਇਕ — 'ਤੇ ਉਦੋਂ ਅਸਰ ਪੈਂਦਾ ਹੈ ਜਦੋਂ ਕੋਈ ਕਿਸੇ ਜੁਰਮ ਦਾ ਸ਼ਿਕਾਰ ਹੁੰਦਾ ਹੈ। ਹਿੰਸਾ ਸਿਰਫ ਵਿਅਕਤੀਆਂ ਨੂੰ ਹੀ ਨੁਕਸਾਨ ਨਹੀਂ ਪਹੁੰਚਾਉਂਦੀ, ਸਗੋਂ ਇਹ ਕਮਿਊਨਟੀ ਦੇ ਤੌਰ 'ਤੇ ਸਾਨੂੰ ਸਾਰਿਆਂ ਨੂੰ ਵੀ ਨੁਕਸਾਨ ਪਹੁੰਚਾਉਂਦੀ ਹੈ।***

## ਕੀ ਤੁਸੀਂ ਕਿਸੇ ਜੁਰਮ ਦਾ ਸ਼ਿਕਾਰ ਹੋਏ ਹੋ?

ਮਲਟੀਕਲਚਰਲ ਵਿਕਟਿਮ ਸਰਵਿਸਿਜ਼ ਪ੍ਰੋਗਰਾਮ, ਇਮੀਂਗਰਾਂਟਾਂ, ਰਫਿਊਜੀਆਂ ਅਤੇ ਨਵੇਂ ਆਉਣ ਵਾਲੇ ਹਰ ਲਿੰਗ ਅਤੇ ਪਿਛੋਕੜ ਦੇ ਲੋਕਾਂ ਨੂੰ ਮੁਫਤ ਅਤੇ ਗੁਪਤ ਸੇਵਾਵਾਂ ਦਿੰਦਾ ਹੈ। ਇਹ ਪ੍ਰੋਗਰਾਮ ਵੈਨਕੂਵਰ ਵਿਚ ਕਿਸੇ ਤਰ੍ਹਾਂ ਦੇ ਵੀ ਜੁਰਮ ਦੇ ਸ਼ਿਕਾਰ ਹੋਏ ਵਿਅਕਤੀਆਂ ਦੀ ਸੇਵਾ ਕਰਦਾ ਹੈ।

### ਤੁਸੀਂ ਜੁਰਮ ਦਾ ਸ਼ਿਕਾਰ ਹੋਏ ਹੋ ਸਕਦੇ ਹੋ ਜੇ:

- ਤੁਹਾਡੇ ਤੋਂ ਪੈਸੇ ਜਾਂ ਨਿੱਜੀ ਚੀਜ਼ਾਂ ਖੋਹ ਲਈਆਂ ਗਈਆਂ ਹਨ
- ਕਿਸੇ ਚੀਜ਼ ਜਾਂ ਹਥਿਆਰ ਨਾਲ ਤੁਹਾਨੂੰ ਦੁੱਖ ਪਹੁੰਚਾਇਆ ਗਿਆ ਹੈ
- ਤੁਹਾਡੇ ਨਾਲ ਅਢੁਕਵੀਂ, ਅਣਸੱਦੀ ਕਾਮੁਕ ਛੇੜਖਾਨੀ ਕੀਤੀ ਗਈ ਹੈ
- ਕਿਸੇ ਅਜਨਬੀ ਜਾਂ ਤੁਹਾਡੇ ਜਾਣੂ ਕਿਸੇ ਵਿਅਕਤੀ ਨੇ ਤੁਹਾਨੂੰ ਤੰਗ ਕੀਤਾ ਹੈ ਜਾਂ ਪਿੱਛਾ ਕੀਤਾ ਹੈ
- ਤੁਹਾਨੂੰ ਇਹ ਦੱਸਿਆ ਗਿਆ ਹੈ ਕਿ ਪੁਲੀਸ ਤੁਹਾਡੇ 'ਤੇ ਵਿਸ਼ਵਾਸ਼ ਨਹੀਂ ਕਰੇਗੀ ਜਾਂ ਤੁਹਾਡੀ ਮਦਦ ਨਹੀਂ ਕਰੇਗੀ
- ਕਿਸੇ ਅਜਨਬੀ ਜਾਂ ਤੁਹਾਡੇ ਜਾਣੂ (ਪਤੀ/ਪਤਨੀ, ਬੋਆਇਫਰਿੰਡ, ਕਮਰੇ ਵਿਚ ਨਾਲ ਰਹਿਣ ਵਾਲੇ, ਦੋਸਤ ਜਾਂ ਟੀਚਰ) ਨੇ ਤੁਹਾਡੇ 'ਤੇ ਹਮਲਾ ਕੀਤਾ ਹੈ, ਕੁੱਟਿਆ ਹੈ ਜਾਂ ਮੁੱਕਾ ਮਾਰਿਆ ਹੈ

### ਕਿਸੇ ਰਿਸ਼ਤੇ ਵਿਚ ਹੋਇਆ ਮਾੜਾ ਵਰਤਾਉ ਵੀ ਜੁਰਮ ਹੈ। ਤੁਸੀਂ ਜੁਰਮ ਦਾ ਸ਼ਿਕਾਰ ਹੋਏ ਹੋ ਸਕਦੇ ਹੋ ਜੇ:

- ਤੁਸੀਂ ਆਪਣੇ ਪਤੀ/ਪਤਨੀ, ਬੋਆਇਫਰਿੰਡ, ਪ੍ਰੇਮੀ ਦੇ ਸੁਭਾਅ ਜਾਂ ਗੁੱਸੇ ਤੋਂ ਡਰੇ ਹੋ
- ਤੁਹਾਡੇ 'ਤੇ ਇਹ ਕੰਟਰੋਲ ਕੀਤਾ ਜਾਂਦਾ ਹੈ ਕਿ ਤੁਸੀਂ ਪੈਸੇ ਕਿਸ ਤਰ੍ਹਾਂ ਖਰਚਣੇ ਹਨ ਜਾਂ ਤੁਸੀਂ ਕਿੱਥੇ ਕੰਮ ਕਰਨਾ ਹੈ
- ਤੁਹਾਨੂੰ ਆਪਣੇ ਪਰਿਵਾਰ, ਦੋਸਤਾਂ ਜਾਂ ਕਿਸੇ ਹੋਰ ਅਜਿਹੇ ਵਿਅਕਤੀ ਨੂੰ ਮਿਲਣ ਦੀ ਆਗਿਆ ਨਹੀਂ ਹੈ ਜੋ ਤੁਹਾਡੀ ਮਦਦ ਕਰ ਸਕਦਾ ਹੈ
- ਤੁਹਾਨੂੰ ਇਹ ਧਮਕੀ ਦਿੱਤੀ ਗਈ ਹੈ ਕਿ ਤੁਹਾਡੇ ਬੱਚੇ ਤੁਹਾਡੇ ਤੋਂ ਖੋਹ ਲਏ ਜਾਣਗੇ ਜਾਂ ਤੁਹਾਡੇ ਪਿਛਲੇ ਦੇਸ਼ ਨੂੰ ਲੈ ਕੇ ਜਾਏ ਜਾਣਗੇ
- ਤੁਹਾਨੂੰ ਇਹ ਧਮਕੀ ਦਿੱਤੀ ਗਈ ਹੈ ਕਿ ਤੁਹਾਨੂੰ ਡਿਪੋਰਟ ਕਰਵਾ ਦਿੱਤਾ ਜਾਵੇਗਾ ਜਾਂ ਤੁਹਾਡੀ ਸਪੌਂਸਰਸ਼ਿਪ ਵਾਪਸ ਲੈ ਲਈ ਜਾਵੇਗੀ

## ਮਲਟੀਕਲਚਰਲ ਵਿਕਟਿਮ ਸਰਵਿਸਿਜ਼ ਵਾਲੇ ਤੁਹਾਡੇ ਲਈ ਕੀ ਕਰ ਸਕਦੇ ਹਨ?

ਅਸੀਂ ਜੁਰਮ ਦਾ ਸ਼ਿਕਾਰ ਲੋਕਾਂ ਦੀ ਸਹਾਇਤਾ ਲਈ ਇਹ ਸੇਵਾਵਾਂ ਪੁਲੀਸ ਦੇ ਦਖਲ ਨਾਲ ਜਾਂ ਬਗੈਰ ਦਖਲ ਦੇ ਕਈ ਬੋਲੀਆਂ ਵਿਚ ਅਤੇ ਸਭਿਆਚਾਰਕ ਪੱਖ ਤੋਂ ਪੇਸ਼ ਕਰਦੇ ਹਾਂ। ਸਾਡੇ ਵਰਕਰ ਹੇਠ ਲਿਖੀਆਂ ਸੇਵਾਵਾਂ ਰਾਹੀਂ ਮਦਦ ਕਰਦੇ ਹਨ:

### ਜਜ਼ਬਾਤੀ ਮਦਦ

ਅਸੀਂ ਤੁਹਾਡੀ ਗੱਲ ਸੁਣਾਂਗੇ ਅਤੇ ਤੁਹਾਡੀ ਦਰਦ, ਦੁੱਖ ਅਤੇ ਸਦਮੇ ਦੇ ਸਬੰਧ ਵਿਚ ਤੁਹਾਡੀ ਮਦਦ ਕਰਾਂਗੇ।

### ਆਮ ਜਾਣਕਾਰੀ

ਅਸੀਂ ਤੁਹਾਡੇ ਵਲੋਂ ਚੁੱਕੇ ਜਾ ਸਕਣ ਵਾਲੇ ਅਗਲੇ ਕਦਮਾਂ, ਸਿਹਤ, ਸੁਰੱਖਿਆ, ਕਾਨੂੰਨੀ ਮਦਦ, ਵੈਲਫੇਅਰ, ਐਮਰਜੰਸੀ ਵਿਚ ਰਿਹਾਇਸ਼, ਬੱਚਿਆਂ ਦੀ ਸੰਭਾਲ ਅਤੇ ਹੋਰ ਕਮਿਊਨਟੀ ਵਸੀਲਿਆਂ ਨਾਲ ਸੰਬੰਧਿਤ ਜਾਣਕਾਰੀ ਤੱਕ ਪਹੁੰਚ ਕਰਨ ਵਿਚ ਤੁਹਾਡੀ ਮਦਦ ਕਰਾਂਗੇ।

ਅਸੀਂ ਸੁਰੱਖਿਆ ਦੀ ਯੋਜਨਾ ਤਿਆਰ ਕਰਨ ਵਿਚ ਅਤੇ ਜੇ ਤੁਸੀਂ ਚਾਹੋ ਤਾਂ ਪੁਲੀਸ ਕੋਲ ਰਿਪੋਰਟ ਕਰਨ ਵਿਚ ਤੁਹਾਡੀ ਮਦਦ ਕਰਾਂਗੇ।

### ਅਮਲੀ ਸਹਾਇਤਾ

ਅਸੀਂ ਕੋਈ ਵੀ ਜ਼ਰੂਰੀ ਫਾਰਮ, ਅਰਜ਼ੀਆਂ ਭਰਨ ਜਾਂ ਚਿੱਠੀਆਂ ਲਿਖਣ ਵਿਚ ਤੁਹਾਡੀ ਮਦਦ ਕਰਾਂਗੇ, ਜਿਸ ਵਿਚ ਜੁਰਮ ਦਾ ਸ਼ਿਕਾਰ ਵਜੋਂ ਤੁਹਾਡੇ 'ਤੇ ਪਏ ਅਸਰ ਦਾ ਬਿਆਨ ਅਤੇ ਕਰਾਇਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ ਲਈ ਲੋੜੀਂਦੇ ਪੇਪਰ ਸ਼ਾਮਲ ਹਨ।

### ਨਿਆਂ ਨਾਲ ਸੰਬੰਧਿਤ ਜਾਣਕਾਰੀ

ਅਸੀਂ ਤੁਹਾਨੂੰ ਇਹ ਜਾਣਕਾਰੀ ਦੇਵਾਂਗੇ ਕਿ ਜੇ ਤੁਸੀਂ ਆਪਣੇ ਜੁਰਮ ਬਾਰੇ ਰਿਪੋਰਟ ਕਰਨ ਦਾ ਫੈਸਲਾ ਕਰਦੇ ਹੋ ਤਾਂ ਪੁਲੀਸ, ਸਰਕਾਰੀ ਵਕੀਲ ਅਤੇ ਜੱਜ ਕੀ ਕਰ ਸਕਦੇ ਹਨ। ਅਸੀਂ ਪੁਲੀਸ ਦੀ ਪੜਤਾਲ ਅਤੇ ਅਦਾਲਤੀ ਕੇਸ ਬਾਰੇ ਜਾਣਕਾਰੀ ਲੈਣ ਵਿਚ ਤੁਹਾਡੀ ਮਦਦ ਕਰਾਂਗੇ, ਅਤੇ ਤੁਹਾਨੂੰ ਇਹ ਦੱਸਾਂਗੇ ਕਿ ਗਵਾਹ ਵਜੋਂ ਕੀ ਤੁਹਾਨੂੰ ਅਦਾਲਤ ਵਿਚ ਖੜ੍ਹੇ ਹੋਣ ਦੀ ਲੋੜ ਹੈ ਜਾਂ ਨਹੀਂ। ਅਸੀਂ ਜੁਰਮ ਦੇ ਸ਼ਿਕਾਰ ਵਿਅਕਤੀ ਵਜੋਂ ਤੁਹਾਡੇ ਹੱਕਾਂ ਬਾਰੇ ਵੀ ਤੁਹਾਨੂੰ ਜਾਣਕਾਰੀ ਦੇਵਾਂਗੇ।

### ਸਾਥ ਦੇਣਾ

ਅਸੀਂ ਤੁਹਾਡੇ ਨਾਲ ਅਦਾਲਤ ਵਿਚ, ਪੁਲੀਸ ਸਟੇਸ਼ਨਾਂ ਵਿਚ, ਲੀਗਲ ਏਡ ਦੇ ਦਫਤਰਾਂ ਵਿਚ, ਫੈਮਿਲੀ ਜਸਟਿਸ ਸੈਂਟਰਾਂ ਵਿਚ ਅਤੇ ਹੋਰ ਕਾਨੂੰਨੀ ਅਪੌਇੰਟਮੈਂਟਾਂ 'ਤੇ ਜਾਵਾਂਗੇ। ਅਦਾਲਤ ਵਿਚਲੀ ਮਦਦ ਵਿਚ, ਗਵਾਹ ਵਜੋਂ ਜਾਣਕਾਰੀ, ਅਦਾਲਤ ਦੇ ਸ਼ਿਸ਼ਟਾਚਾਰ ਅਤੇ ਕਾਰਵਾਈਆਂ ਬਾਰੇ ਜਾਣਕਾਰੀ ਦੇਣਾ ਸ਼ਾਮਲ ਹੈ।

### ਹਿਮਾਇਤ

ਅਸੀਂ ਤੁਹਾਡੀ ਤਰਫੋਂ ਤੁਹਾਡੇ ਹਿਮਾਇਤੀ ਬਣਾਂਗੇ ਤਾਂ ਜੋ ਤੁਸੀਂ ਕਮਿਊਨਟੀ ਸੰਸਥਾਵਾਂ ਤੋਂ ਉਹ ਸੇਵਾਵਾਂ ਲੈ ਸਕੋ ਜਿਨ੍ਹਾਂ ਦੀ ਤੁਹਾਨੂੰ ਲੋੜ ਹੈ। ਅਸੀਂ ਤੁਹਾਨੂੰ ਚਾਹੀਦੀ ਸਾਰੀ ਜਾਣਕਾਰੀ ਲੈਣ ਵਿਚ ਤੁਹਾਡੀ ਮਦਦ ਕਰਾਂਗੇ ਅਤੇ ਤੁਹਾਡੇ ਕੰਮ-ਮਾਲਕ, ਪੁਲੀਸ, ਵਕੀਲਾਂ, ਸਰਕਾਰੀ ਵਕੀਲ, ਲੀਗਲ ਏਡ ਅਤੇ ਵੈਲਫੇਅਰ ਦਫਤਰ ਨਾਲ ਗੱਲ ਕਰਨ ਵਿਚ ਤੁਹਾਡੀ ਸਹਾਇਤਾ ਕਰਾਂਗੇ।

### ਹੋਰ ਸੇਵਾਵਾਂ ਕੋਲ ਭੇਜਣਾ

ਅਸੀਂ ਤੁਹਾਡੀ ਹਾਲਤ 'ਤੇ ਵਿਚਾਰ ਕਰਾਂਗੇ ਅਤੇ ਜਿਵੇਂ ਵੀ ਲੋੜ ਹੋਈ ਤੁਹਾਨੂੰ ਹੋਰ ਢੁਕਵੀਆਂ ਕਮਿਊਨਟੀ ਸੇਵਾਵਾਂ ਕੋਲ ਭੇਜਾਂਗੇ।

### ਪਹੁੰਚ

ਅਸੀਂ ਔਰਤਾਂ ਦੇ ਖਿਲਾਫ ਹਿੰਸਾ ਬਾਰੇ ਲੋਕਾਂ ਅਤੇ ਕਮਿਊਨਟੀ ਗਰੁੱਪਾਂ ਨੂੰ ਸਿਖਿਅਤ ਕਰਦੇ ਹਾਂ ਅਤੇ ਟਰੇਨਿੰਗ ਦਿੰਦੇ ਹਾਂ, ਜਿਸ ਵਿਚ ਸੁਰੱਖਿਆ ਦਾ ਅਨੁਮਾਨ (ਅਸੈੱਸਮੈਂਟ) ਅਤੇ ਯੋਜਨਾਬੰਦੀ (ਪਲੈਨਿੰਗ) ਬਾਰੇ ਜਾਣਕਾਰੀ ਵੀ ਸ਼ਾਮਲ ਹੈ।